Calgary

# Vehicle for Hire



## ਲਿਵਰੀ ਟ੍ਰਾਂਸਪੋਰਟ ਬਾਇਲਾਅ ਸੋਧਾਂ - ਡਰਾਈਵਰ ਓਪਨ ਹਾਊਸ

**7 ਅਕਤੂਬਰ, 2024**

---

ਵਹੀਕਲ-ਫੌਰ-ਹਾਇਰ ਟ੍ਰਾਂਜ਼ੀਸ਼ਨਲ ਸਟ੍ਰੈਟੇਜੀ ਨੂੰ ਸਿਟੀ ਕੌਂਸਲ ਦੁਆਰਾ 18 ਜੂਨ, 2024 ਨੂੰ ਮਨਜ਼ੂਰੀ ਦਿੱਤੀ ਗਈ ਸੀ। ਟ੍ਰਾਂਜ਼ੀਸ਼ਨਲ ਸਟ੍ਰੈਟੇਜੀ ਵਹੀਕਲ-ਫੌਰ-ਹਾਇਰ ਟੀਮ ਦੁਆਰਾ ਕਾਰਵਾਈ ਕੀਤੇ ਜਾਣ ਵਾਲੇ ਪ੍ਰੋਗਰਾਮ ਸੁਧਾਰਾਂ ਦੀ ਰੂਪਰੇਖਾ ਦਿੰਦੀ ਹੈ। ਇਸ ਦੇ ਹਿੱਸੇ ਵਜੋਂ, ਲਿਵਰੀ ਟ੍ਰਾਂਸਪੋਰਟ ਬਾਈਲਾਅ 20M2021 ਵਿੱਚ ਸੰਭਾਵੀ ਤਬਦੀਲੀਆਂ ਲਈ ਯੋਜਨਾ ਬਣਾਈ ਗਈ ਹੈ।

ਅਸੀਂ ਲਿਵਰੀ ਟ੍ਰਾਂਸਪੋਰਟ ਬਾਈਲਾਅ ਵਿੱਚ ਪ੍ਰਸਤਾਵਿਤ ਤਬਦੀਲੀਆਂ ਬਾਰੇ ਚਰਚਾ ਕਰਨ ਲਈ ਇੱਕ ਓਪਨ ਹਾਊਸ ਲਈ ਸਾਡੇ ਨਾਲ ਸ਼ਾਮਲ ਹੋਣ ਲਈ ਤੁਹਾਨੂੰ ਸੱਦਾ ਦਿੰਦੇ ਹਾਂ। ਇਹ ਤਬਦੀਲੀਆਂ ਤਿੰਨ ਖੇਤਰਾਂ 'ਤੇ ਕੇਂਦ੍ਰਿਤ ਹਨ: ਲਾਇਸੈਂਸਿੰਗ, ਸੁਰੱਖਿਆ ਅਤੇ ਪਹੁੰਚਯੋਗਤਾ। ਤੁਹਾਡੀ ਇੰਪੁੱਟ ਸਾਡੇ ਲਈ ਬਹੁਮੁੱਲੀ ਹੈ, ਕਿਉਂਕਿ ਇਹ ਸਾਨੂੰ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਇਹ ਤਬਦੀਲੀਆਂ ਤੁਹਾਨੂੰ ਅਤੇ ਤੁਹਾਡੇ ਕਾਰੋਬਾਰ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀਆਂ ਹਨ।

| |
|---|
| **ਸੋਮਵਾਰ, 28 ਅਕਤੂਬਰ**<br>ਸਵੇਰੇ 11 ਵਜੇ – ਦੁਪਹਿਰ 1 ਵਜੇ ਤੱਕ। |
| **ਵਿਅਕਤੀਗਤ ਹਾਜ਼ਰੀ:**<br>ਫੈਲਕਨਰਿਜ/ਕੈਸਲਰਿਜ ਕਮਿਊਨਿਟੀ ਐਸੋਸੀਏਸ਼ਨ<br>95 Falshire Drive NE |

ਇਸ ਸੂਚਨਾ ਪੱਤਰ ਦਾ ਅਮਹਾਰਿਕ, ਅਰਬੀ, ਫ੍ਰੈਂਚ, ਹਿੰਦੀ, ਪੰਜਾਬੀ, ਸੋਮਾਲੀ ਅਤੇ ਉਰਦੂ ਵਿੱਚ ਅਨੁਵਾਦ ਕੀਤਾ ਗਿਆ ਹੈ। ਦਸਤਾਵੇਜ਼ਾਂ ਨੂੰ ਦੇਖਣ ਲਈ ਇਥੇਕਲਿੱਕ ਕਰੋ।

ਅਸੀਂ ਓਪਨ ਹਾਊਸ ਵਿੱਚ ਤੁਹਾਡੀ ਭਾਗੀਦਾਰੀ ਦੀ ਉਮੀਦ ਕਰਦੇ ਹਾਂ ਅਤੇ ਸਾਡੇ ਨਾਲ ਸ਼ਾਮਲ ਹੋਣ ਲਈ ਸਮਾਂ ਕੱਢਣ ਵਾਸਤੇ ਤੁਹਾਡੀ ਸ਼ਲਾਘਾ ਕਰਦੇ ਹਾਂ।

ਦਿਲੋਂ,


ਕੋਰੀ ਪੋਰਟਰ
ਡਿਪਟੀ ਚੀਫ਼, ਵਹੀਕਲ ਫੌਰ ਹਾਇਰ
ਪਬਲਿਕ ਵਹੀਕਲ ਸਟੈਂਡਰਡਜ਼